# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਬਠਿੰਡਾ

ਵੱਲ,

ਸਮੂਹ ਸਕੂਲ ਮੁਖੀ,
ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-1/1 ( )2022/
ਮਿਤੀ: 09.09.2022

ਵਿਸ਼ਾ: ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਲਈ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ।

ਹਵਾਲਾ: ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵਲੋਂ ਮੀਟਿੰਗ ਦੌਰਾਨ ਪ੍ਰਾਪਤ ਆਦੇਸ਼ਾਂ ਦੀ ਪਾਲਣਾ ਹਿੱਤ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਲੇਰੀਆ ਅਤੇ ਡੇਂਗੂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਇਹਨਾਂ ਬਿਮਾਰੀਆਂ ਤੋਂ ਬਚਾਅ ਸਬੰਧੀ ਆਪ ਵਲੋਂ ਸਕੂਲ ਵਿਚ ਪੜ੍ਹਦੇ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ:

1. ਪੂਰੀਆਂ ਬਾਹਾਂ ਵਾਲੇ ਅਤੇ ਪੂਰੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਹੀ ਪਾਓ ।
2. ਹਰ ਹਫਤੇ "FRIDAY AS DRY DAY" ਸਲੋਗਨ ਤਹਿਤ ਬੱਚਿਆਂ ਨੂੰ ਦੱਸਣਾ ਕਿ ਹਰ ਸ਼ੁੱਕਰਵਾਰ ਘਰਾਂ ਵਿੱਚ ਆਪਣੇ ਕੂਲਰਾਂ, ਪਾਣੀ ਵਾਲੀਆ ਟੈਂਕੀਆਂ ਆਦਿ ਦੀ ਸਫਾਈ ਕਰਕੇ ਇਹਨਾਂ ਨੂੰ ਸੁਕਾਉਣਾ।
3. ਹਰ ਹਫਤੇ ਹਰ "ਐਤਵਾਰ ਡੇਗੂੰ ਤੇ ਵਾਰ ਸਲੋਗਨ ਤਹਿਤ ਬੱਚਿਆਂ ਨੂੰ ਘਰਾਂ ਦੀ ਸਫਾਈ ਅਤੇ ਆਲੇ ਦੁਆਲੇ ਦੀ ਸਫਾਈ ਸਬੰਧੀ ਜਾਗਰੂਕ ਕਰਵਾਉਣਾ।
4. ਘਰਾਂ ਦੇ ਆਲੇ ਦੁਆਲੇ ਅਤੇ ਛੱਤਾਂ ਤੇ ਪਾਣੀ ਇਕੱਠਾ ਨਾ ਹੋਣ ਦਿਓ।
5. ਟਾਇਰ, ਫਾਲਤੂ ਬਰਤਨ ,ਗਮਲੇ, ਡ੍ਰੱਮ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ।
6. ਡੂੰਘੇ ਟੋਇਆ ਨੂੰ ਮਿੱਟੀ ਨਾਲ ਭਰੋ ਅਤੇ ਖੜ੍ਹੇ ਪਾਣੀ ਵਿੱਚ ਮੱਚਿਆਂ ਕਾਲਾ ਤੇਲ ਪਾਓ।
7. ਫੋਗਿੰਗ (ਦਵਾਈ ਛਿੜਕਾਅ ਵਾਲੀ) ਮਸ਼ੀਨ ਆਉਣ ਤੇ ਆਪਣੇ ਘਰਾਂ ਦੀਆਂ ਬੂਹੇ ਬਾਰੀਆਂ ਖੋਲ ਦਿਓ।
8. ਹਰੇਕ ਵੀਰਵਾਰ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਪੈਂਫਲੈਂਟਾ ਵਿੱਚੋ ਪੜ੍ਹ ਕੇ ਮਲੇਰੀਏ ਅਤੇ ਡੇਗੂੰ ਦੀ ਰੋਕਥਾਮ ਸਬੰਧੀ ਜੋ ਉਪਾਅ ਦੱਸੇ ਗਏ ਹਨ ਉਹ ਸਾਂਝੇ ਕੀਤੇ ਜਾਣ।

9 ਸਕੂਲਾਂ ਵਿੱਚ ਸਵੇਰ ਦੀ ਸਭਾ ਸਮੇਂ ਬੱਚਿਆਂ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਅ ਸਬੰਧੀ ਉਪਾਅ ਦੱਸੇ ਜਾਣ ਜਿਵੇ ਸੌਣ ਸਮੇਂ ਰਾਤ ਨੂੰ ਸਰੀਰ ਨੂੰ ਢੱਕ ਕੇ ਰੱਖਣਾ , ਮੱਛਰਦਾਨੀਆਂ ਅਤੇ ਮੱਛਰ ਭਜਾਓ ਕਰੀਮਾਂ ਅਤੇ ਧੂੰਏ ਵਾਲੀਆਂ ਟਿੱਕੀਆਂ ਦਾ ਪ੍ਰਯੋਗ ਕਰਨਾ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ